ਯੌਰਕ ਰੀਜਨ ਦੇ

# ਬੇਘਰੇ ਹੋਣ ਦੀ ਰੋਕ-ਥਾਮ ਕਰਨ ਲਈ
ਪ੍ਰੋਗਰਾਮ

# ਰੈਂਟ ਬੈਂਕ
ਪ੍ਰੋਗਰਾਮ

# ਐਮਰਜੰਸੀ ਏਨਰਜੀ
ਫ਼ੰਡ



ਵੱਲੋਂ ਫ਼ੰਡ ਮੁਹੱਈਆ ਕੀਤੇ ਗਏ

York Region

Ontario

ਵੱਲੋਂ ਸੇਵਾਵਾਂ ਮੁਹੱਈਆ ਕੀਤੀਆਂ ਗੱਈਆਂ

JEWISH FAMILY &CHILD

THE SALVATION ARMY

# ਬੇਘਰੇ ਹੋਣ ਦੀ ਰੋਕ-ਥਾਮ ਕਰਨ ਲਈ

*ਪ੍ਰੋਗਰਾਮ*

**ਬੇਘਰੇ ਹੋਣ ਦੀ ਰੋਕ-ਥਾਮ ਕਰਨ ਲਈ ਪ੍ਰੋਗਰਾਮ** ਅਰਜ਼ੀ ਦੇਣ ਯੋਗ ਵਿਅਕਤੀਆਂ ਨੂੰ ਹੇਠ ਦਰਜ ਖ਼ਰਚਿਆਂ ਲਈ ਸਿਰਫ ਇੱਕੋ ਵਾਰੀ ਅਦਾਇਗੀ ਕਰਦਾ ਹੈ:

- ਕਿਰਾਏ ਅਤੇ ਬਿਜਲੀ-ਪਾਣੀ ਦੀਆਂ ਸਹੂਲਤਾਂ ਦੇ ਬਕਾਏ
- ਪਹਿਲੇ ਅਤੇ ਆਖ਼ਰੀ ਮਹੀਨੇ ਦਾ ਕਿਰਾਇਆ
- ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਰਿਹਾਇਸ਼ ਬਦਲਣ ਦੇ ਖ਼ਰਚੇ
- ਮਾਰਗੇਜ ਦੀ ਅਦਾਇਗੀ ਦਾ ਬਕਾਇਆ
- ਸ਼ਨਾਖ਼ਤੀ ਕਾਗ਼ਜ਼-ਪੱਤਰ (ਆਈ ਡੀ) ਦੀ ਥਾਂ ਨਵੇਂ ਸ਼ਨਾਖ਼ਤੀ ਕਾਗ਼ਜ਼-ਪੱਤਰ
- ਤੁਰੰਤ ਡਾਕਟਰੀ ਜ਼ਰੂਰਤਾਂ

ਤੁਸੀਂ ਅਰਜ਼ੀ ਦੇ ਸਕਦੇ ਹੋ, ਜੇ ਤੁਸਾਂ:

- ਪਹਿਲਾਂ ਇਹ ਮਦਦ ਹਾਸਲ ਨਾ ਕੀਤੀ ਹੋਵੇ
- ਯੌਰਕ ਰੀਜਨ ਵਿੱਚ ਰਹਿੰਦੇ ਹੋਵੋ
- ਤੁਹਾਨੂੰ ਬੇਦਖ਼ਲੀ ਦਾ, ਰਹਿਨਬੰਦੀ ਦਾ, ਬੇਘਰੇ ਹੋ ਜਾਣ ਦਾ ਖ਼ਤਰਾ ਹੋਵੇ ਜਾਂ ਆਰਜ਼ੀ ਸ਼ੈਲਟਰ ਵਿੱਚ ਰਹਿੰਦੇ ਹੋਵ
- ਆਂਟੇਰੀਓ ਡਿਸੇਬਿਲੀਟੀ ਸਪੋਰਟ ਪ੍ਰੋਗਰਾਮ ਜਾਂ ਆਂਟੇਰੀਓ ਵਰਕਸ ਅਧੀਨ ਸਹਾਇਤਾ ਨਾ ਲੈਂਦੇ ਹੋਵੋ

# ਰੈਂਟ ਬੈਂਕ

*ਪ੍ਰੋਗਰਾਮ*

ਜੇ ਤੁਸੀਂ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋਵੋ ਤਾਂ **ਰੈਂਟ ਬੈਂਕ ਪ੍ਰੋਗਰਾਮ** ਕਿਰਾਏ ਦੇ ਬਕਾਇਆਂ ਦੀ ਅਦਾਇਗੀ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ। ਇਸ ਪ੍ਰੋਗਰਾਮ ਲਈ ਤੁਸੀਂ ਦੋ ਸਾਲਾਂ ਵਿੱਚ ਇੱਕ ਵਾਰੀ ਅਰਜ਼ੀ ਦੇ ਸਕਦੇ ਹੋ।

ਤੁਸੀਂ ਅਰਜ਼ੀ ਦੇ ਸਕਦੇ ਹੋ ਜੇ ਤੁਸੀਂ:

- ਯੌਰਕ ਰੀਜਨ ਵਿੱਚ ਰਹਿੰਦੇ ਹੋਵੋ
- ਆਂਟੇਰੀਓ ਡਿਸਏਬਿਲੀਟੀ ਸਪੋਰਟ ਪ੍ਰੋਗਰਾਮ, ਆਂਟੇਰੀਓ ਵਰਕਸ ਅਧੀਨ ਸਹਾਇਤਾ ਜਾਂ ਆਮਦਨ ਅਨੁਸਾਰ-ਕਿਰਾਏ ਵਿੱਚ ਮਦਦ ਹਾਸਲ ਨਹੀਂ ਕਰ ਰਹੇ
- ਤੁਹਾਡੇ ਵੱਲੋਂ ਮਾਲਕ ਮਕਾਨ ਦਾ ਕਿਰਾਇਆ ਦੇਣਾ ਰਹਿੰਦਾ ਹੋਵੇ ਤੇ ਇਸ ਕਰ ਕੇ ਤੁਹਾਨੂੰ ਬੇਦਖ਼ਲੀ ਦਾ ਖ਼ਤਰਾ ਹੋਵੇ

# ਐਮਰਜੰਸੀ ਏਨਰਜੀ ਫ਼ੰਡ

ਊਰਜਾ ਸੰਬੰਧਤ ਸੰਕਟ ਕਾਲ ਦੇ ਸ਼ਿਕਾਰ ਅਦਾਇਗੀ ਲੈਣਯੋਗ ਅਰਜ਼ੀ ਦੇਣ ਵਾਲਿਆਂ ਲਈ **ਐਮਰਜੰਸੀ ਏਨਰਜੀ ਫ਼ੰਡ** ਸਿਰਫ਼ ਇੱਕੋ ਵਾਰੀ ਕੀਤੀ ਜਾਣ ਵਾਲੀ ਅਦਾਇਗੀ ਹੁੰਦੀ ਹੈ, ਐਮਰਜੰਸੀਆਂ ਵਿੱਚ ਹੇਠ ਦਰਜ ਸ਼ਾਮਲ ਹਨ:

- ਬਿਜਲੀ , ਨੈਚੁਰਲ ਗੈਸ, ਅਤੇ ਆਇਲ ਸੰਬੰਧੀ ਊਰਜਾ ਦੇ ਬਕਾਏ
- ਸੈਕਿਉਰਿਟੀ ਡਿਪੌਜ਼ਿਟਸ
- ਬਿਜਲੀ-ਪਾਣੀ ਆਦਿ ਮੁੜ ਚਾਲੂ ਕਰਵਾਉਣ ਸੰਬੰਧੀ ਖ਼ਰਚੇ

ਤੁਸੀਂ ਅਰਜ਼ੀ ਦੇ ਸਕਦੇ ਹੋ, ਜੇ ਤੁਸੀਂ

- ਇਹ ਪਹਿਲਾਂ ਮਦਦ ਹਾਸਲ ਨਾ ਕੀਤੀ ਹੋਵੇ
- ਯੌਰਕ ਰੀਜਨ ਵਿੱਚ ਰਹਿੰਦੇ ਹੋਵੋ
- ਤੁਹਾਡੀ ਬਿਜਲੀ ਦੀਆਂ ਸੇਵਾਵਾਂ ਬੰਦ ਕਰ ਦਿੱਤੀਆਂ ਜਾ ਚੁਕੀਆਂ ਹੋਣ ਜਾਂ ਬੰਦ ਕੀਤੇ ਜਾਣ ਦਾ ਖ਼ਤਰਾ ਹੋਵੇ

ਯੌਰਕ ਰੀਜਨ ਵਿੱਚ, ਬੇਘਰੇ ਹੋਣ ਦੀ ਰੋਕ-ਥਾਮ ਦਾ ਪ੍ਰੋਗਰਾਮ, ਰੈਂਟ ਬੈਂਕ ਪ੍ਰੋਗਰਾਮ ਅਤੇ ਐਰਜੰਸੀ ਏਨਰਜੀ ਫ਼ੰਡ ਹੇਠ ਦਰਜ ਸੰਸਥਾਵਾਂ ਵੱਲੋਂ ਦਿੱਤੇ ਜਾਂਦੇ ਹਨ:

**ਜਿਊਸ਼ ਫ਼ੈਮਲੀ & ਚਾਇਲਡ ਵੱਲੋਂ**
**ਇਨ੍ਹਾਂ ਇਲਾਕਿਆਂ ਲਈ:**

**ਮਾਰਖਮ, ਰਿੱਚਮੰਡ ਹਿੱਲ, ਵਾਹਨ**
416-638-7800 ext. 250

**ਸਾਲਵੇਸ਼ਨ ਆਰਮੀ-**
**ਨੌਰਥਰਿੱਜ ਕਮਿਊਨਿਟੀ ਚਰਚ**
**ਇਨ੍ਹਾਂ ਇਲਾਕਿਆਂ ਲਈ:**

ਔਰੋਰਾ, ਈਸਟ ਗਵਿਲਮਬਰੀ,
ਕਿੰਗ, ਨਿਊਮਾਰਕਿਟ,
ਵਾਈਟ ਚਰਚ-ਸਟੂਫ਼ਵਿੱਲ
905-895-6119 ext. 1

**ਜੌਰਜੀਨਾ**
905-722-3059 ext. 21

**ਐਪੁਆਇੰਟਮੈਂਟ ਲਈ, ਬੇਘਰੇ ਹੋਣ ਦੀ ਰੋਕ-ਥਾਮ ਕਰਨ ਲਈ ਆਪਣੇ ਖੇਤਰ ਦੇ ਕੁਆਰਡੀਨੇਟਰ ਨੂੰ ਫ਼ੋਨ ਕਰੋ।**

## ਕ੍ਰਿਪਾ ਕਰ ਕੇ ਆਪਣੀ ਐਪੁਆਇੰਟਮੈਂਟ ਲਈ ਹੇਠ ਦਰਜ ਚੀਜ਼ਾਂ ਆਪਣੇ ਨਾਲ ਲਿਆਉ:

**ਸੇਵਾ ਅੰਗਰੇਜ਼ੀ ਭਾਸ਼ਾ ਰਾਹੀਂ ਮੁਹੱਈਆ ਕੀਤੀ ਜਾਵੇਗੀ** ਅਜਿਹੇ ਵਿਅਕਤੀ ਨੂੰ ਆਪਣੇ ਨਾਲ ਲਿਆਉ ਜਿਹੜਾ ਅੰਗਰੇਜ਼ੀ ਬੋਲਦਾ ਤੇ ਸਮਝਦਾ ਹੋਵੇ।

- ✓ ਆਪਣੇ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਲਈ ਦੋ ਸਰਕਾਰੀ ਕੈਨੇਡੀਅਨ ਸ਼ਨਾਖ਼ਤੀ ਸਬੂਤ (ਜਨਮ ਦਾ ਸਰਟੀਫ਼ਿਕੇਟ, ਹੈਲ਼ਥ ਕਾਰਡ)
- ✓ ਕੰਪਨੀ ਦੇ ਨਾਂ ਵਾਲੇ ਪੱਤਰ ਉੱਤੇ ਲਿਖੀ ਰੁਜ਼ਗਾਰਦਾਤਾ ਵੱਲੋਂ ਇਹ ਦਰਸਾਉਂਦੀ ਇੱਕ ਚਿੱਠੀ ਕਿ ਤੁਸੀਂ ਕਦੋਂ ਤੋਂ ਕੰਮ ਕਰ ਰਹੇ ਹੋ, ਘੰਟੇ ਦੀ ਉਜਰਤ, ਅਤੇ ਹਫ਼ਤੇ ਵਿੱਚ ਕਿੰਨੇ ਘੰਟੇ ਕੰਮ ਕਰਦੇ ਹੋ
- ✓ (ਕੰਮ ਦੇ) ਸਭ ਤੋਂ ਆਖ਼ਰੀ ਮਹੀਨੇ ਦੀ ਤਨਖ਼ਾਹ ਦੇ ਚੈੱਕ ਦੇ ਸਟੱਬ
- ✓ ਕਿਰਾਏ ਜਾਂ ਮਾਰਗੇਜ ਦੀ ਅਦਾਇਗੀ ਦਾ ਸਬੂਤ
- ✓ ਬੇਦਖ਼ਲੀ ਦਾ(ਦੇ) ਨੋਟਿਸ ਅਤੇ/ਜਾਂ "'4"ਰਸਮੀ ਦਸਤਾਵੇਜ਼ ਜਿਸ ਵਿੱਚ ਖ਼ਾਸ ਤੌਰ ਤੇ ਦੱਸਿਆ ਗਿਆ ਹੋਵੇ ਕਿ ਤੁਸੀਂ ਪਹਿਲਾਂ ਹੀ ਲੈਂਡਲਾਰਡ ਐਂਡ ਟੈਨੈਂਟ ਬੋਰਡ ਦੇ ਅਮਲ ਵਿੱਚੋਂ ਗੁਜ਼ਰ ਚੁਕੇ ਹੋ
- ✓ ਜੇ ਕਿਰਾਏ 'ਤੇ ਰਹਿੰਦੇ ਹੋਵੋ ਤਾਂ ਪਿਛਲੇ ਇੱਕ ਸਾਲ ਦੇ ਕਿਰਾਏ ਦਾ ਪਿਛੋਕੜ
- ✓ ਕਿਰਾਏ ਸੰਬੰਧੀ ਇਕਰਾਰ ਨਾਮੇਂ ਦੇ ਪੱਤਰ
- ✓ ਮਾਲਕ ਮਕਾਨ ਦਾ ਪੂਰਾ ਨਾਂ, ਪਤਾ ਅਤੇ ਫ਼ੋਨ ਨੰਬਰ
- ✓ ਸਾਰੇ ਬਿੱਲ, ਸੂਚਨਾ-ਪੱਤਰ, ਸਮੇਤ ਕ੍ਰੈਡਿਟ ਕਾਰਡਾਂ, ਬਿਜਲੀ-ਪਾਣੀ ਸਹੂਲਤਾਂ ਦੇ, ਡਾਕਟਰੀ,ਕਰਜ਼ੇ ਆਦਿ ਦੇ, ਸਬੂਤ
- ✓ ਆਮਦਨੀ ਦੇ ਸਾਰੇ ਸਾਧਨਾਂ (ਚਾਇਲਡ ਸਪੋਰਟ, ਅਨ-ਐਂਪਲਾਇਮੈਂਟ ਬੈਨਿਫ਼ਿਟਸ ਦੇ ਸਬੂਤ
- ✓ ਮਤੀਆਂਤਕ ਕੀਤੀ ਹੋਈ ਬੈਂਕਬੁੱਕ (ਅੱਪਡੇਟ ਕੀਤੀਆਂ ਹੋਈਆਂ ਬੈਂਕਬੁੱਕਾਂ)
- ✓ ਦੂਜੇ ਸਾਰੇ ਖ਼ਰਚੇ (ਮਾਸਕ ਜਾਂ ਬਕਾਏ)

CHS-SSIP-12/2009_3514_Punjabi